(b) ਦਿਤੇ ਗਏ ਅੰਕੜਿਆਂ ਦੀ ਵਰਤੋਂ ਕਰਕੇ, ਸਾਧਨ ਲਾਗਤ ਉਪਰ ਸ਼ੁੱਧ ਮੁੱਲ ਵਾਧੇ ($NVA_{FC}$) ਦਾ ਪਤਾ ਕਰੋ : 3

| ਕ੍ਰਮ ਸੰਖਿਆ | ਮਦਾਂ | ਰਕਮ (₹ ਕਰੋੜ ਵਿਚ) |
|---|---|---|
| (i) | ਬਜ਼ਾਰ ਵਿਚ ਚਾਵਲ ਦੀ ਵਿਕਰੀ | 48 |
| (ii) | ਟ੍ਰੈਕਟਰ ਅਤੇ ਥ੍ਰੈਸ਼ਰ ਦੀ ਖਰੀਦ | 30 |
| (iii) | ਸਰਕਾਰ ਰਾਹੀਂ ਚਾਵਲ ਦੀ ਖਰੀਦ | 10 |
| (iv) | ਸਾਲ ਵਿਚ ਚਾਵਲ ਦਾ ਸਵੈ ਉਪਭੋਗ | 5 |
| (v) | ਟ੍ਰੈਕਟਰ ਅਤੇ ਥ੍ਰੈਸ਼ਰ ਦੇ ਪਰਿਚਾਲਨ ਅਤੇ ਰਖ ਰਖਾਵ ਦਾ ਖਰਚ | 10 |
| (vi) | ਸਰਕਾਰ ਤੋਂ ਪ੍ਰਾਪਤ ਉਰਵਰਕ (ਖਾਦ) ਦੀ ਸਬਸਿਡੀ | 2 |

**13.** (a) ਕੇਂਦਰੀ ਬੈਂਕ ਦੇ 'ਸਰਕਾਰ ਦੇ ਬੈਂਕ' ਕੰਮ ਦੀ ਵਿਆਖਿਆ ਕਰੋ । 4

**ਜਾਂ**

(b) ਇਕ ਕਾਲਪਨਿਕ ਸੰਖਿਆਤਮਕ ਉਦਾਹਰਣ ਦੀ ਵਰਤੋਂ ਕਰਦੇ ਸਮੇ, ਵਪਾਰਕ ਬੈਂਕਾਂ ਰਾਹੀਂ ਸਾਖ ਸਿਰਜਨਾ ਉਪਰ ਆਰਕਸ਼ਿਤ ਅਨੁਪਾਤ ਵਿਚ ਵਾਧੇ ਦੇ ਪ੍ਰਭਾਵ ਦੀ ਵਿਆਖਿਆ ਕਰੋ । 4

**14.** ਜੇਕਰ ਨਿਯੋਜਿਤ ਬਚਤ ਨਿਯੋਜਿਤ ਨਿਵੇਸ਼ ਤੋਂ ਘਟ ਹੋਵੇ ਤਾਂ ਸਮਾਯੋਜਨ ਤੰਤਰ ਦੀ ਵਿਆਖਿਆ ਕਰੋ । 4

**15.** 26 ਸਤੰਬਰ, 2022 ਨੂੰ ਛਪੀ ਹੇਠ ਲਿਖੀ ਖਬਰ ਨੂੰ ਪੜ੍ਹੋ :

''ਕੇਂਦਰੀ ਬੈਂਕ ਨੇ ਬੈਂਚਮਾਰਕ ਉਧਾਰ ਦਰ ਵਿਚ 140 ਆਧਾਰ ਅੰਕਾਂ ਦਾ ਵਾਧਾ ਕੀਤਾ ਹੈ ।''

ਭਾਰਤੀ ਰਿਜਰਵ ਬੈਂਕ ਰਾਹੀਂ ਕੀਤੀ ਗਈ ਇਸ ਕਾਰਵਾਈ ਦੇ ਪਿਛੇ ਸੰਭਾਵਿਤ ਕਾਰਨ ਅਤੇ ਨਤੀਜਿਆਂ ਦੀ ਪਛਾਣ ਕਰੋ । 4

**16.** (a) ਕੀ ਥੋਕ ਬਜ਼ਾਰ ਵਿਚ ਕਣਕ ਦੀ ਖਰੀਦ ਨੂੰ ਵਿਚਲੀ (ਮਧਵਰਤੀ) ਖਰੀਦ ਦੇ ਰੂਪ ਵਿਚ ਲਿਆ ਜਾਣਾ ਚਾਹੀਦਾ ਹੈ ? 3

(b) ਰਾਸ਼ਟਰੀ ਆਮਦਨ ਵਿਚ ਵਾਧੇ ਦਾ ਅਰਥ ਹਮੇਸ਼ਾਂ ਘਰੇਲੂ ਆਮਦਨ ਵਿਚ ਵਾਧੇ ਤੋਂ ਹੁੰਦਾ ਹੈ । ਵਿਆਖਿਆ ਕਰੋ । 3

